PUNJABI

Darebin Libraries

# ਡੈਰਾਬਿਨ ਲਾਇਬ੍ਰੇਰੀਆਂ ਵਿੱਚ ਤੁਹਾਡਾ ਸਵਾਗਤ ਹੈ

"ਜਿਵੇਂ ਹੀ ਮੈਂ ਲਾਇਬ੍ਰੇਰੀ ਵਿਚ ਕਦਮ ਰੱਖਦਾ ਹਾਂ, ਇਕ ਪੂਰੀ ਦੁਨੀਆਂ ਖੁੱਲ੍ਹ ਜਾਂਦੀ ਹੈ।"

ਭਾਈਚਾਰੇ ਦਾ ਮੈਂਬਰ, ਮਾਰਚ 2019

## ਜੀਵਨ ਭਰ ਸਿੱਖਣਾ

ਡੈਰਾਬਿਨ ਲਾਇਬ੍ਰੇਰੀਆਂ ਸਾਡੇ ਭਾਈਚਾਰੇ ਦੇ ਮੈਂਬਰਾਂ ਨੂੰ ਜੋੜਨ, ਖੋਜਣ ਅਤੇ ਸਿੱਖਣ ਵਾਸਤੇ ਸਵਾਗਤਮਈ, ਸ਼ਮੂਲੀਅਤ ਵਾਲੇ ਅਤੇ ਪਹੁੰਚਯੋਗ ਸਥਾਨ ਪ੍ਰਦਾਨ ਕਰਵਾਉਂਦੀਆਂ ਹਨ।

ਅਸੀਂ ਡਿਜ਼ਿਟਲ ਪਹੁੰਚ, ਡਿਜ਼ਿਟਲ ਸਹਾਇਤਾ, ਸਾਂਝੇ ਸਰੋਤਾਂ, ਸਮਾਗਮਾਂ ਅਤੇ ਪ੍ਰੋਗਰਾਮਾਂ 'ਤੇ ਸਾਡੇ ਧਿਆਨ ਰਾਹੀਂ ਜੀਵਨ ਭਰ ਸਿੱਖਣ ਵਾਸਤੇ ਮੌਕਿਆਂ ਦਾ ਸਮਰਥਨ ਕਰਦੇ ਹਾਂ ਅਤੇ ਇਹਨਾਂ ਦੀ ਸਿਰਜਣਾ ਕਰਦੇ ਹਾਂ।

ਅਸੀਂ ਸਾਡੇ ਭਾਈਚਾਰੇ ਦੀਆਂ ਜ਼ਿੰਦਗੀਆਂ ਨੂੰ ਅਮੀਰ ਬਣਾਉਣ ਅਤੇ ਵਿਅਕਤੀਗਤ ਵਿਕਾਸ, ਰੁਜ਼ਗਾਰਯੋਗਤਾ, ਭਾਈਚਾਰੇ ਨਾਲ ਸਬੰਧ ਅਤੇ ਸ਼ਮੂਲੀਅਤ ਵਿੱਚ ਸਹਾਇਤਾ ਕਰਨ ਦਾ ਟੀਚਾ ਰੱਖਦੇ ਹਾਂ।

ਲਾਇਬ੍ਰੇਰੀਆਂ ਹਰ ਕਿਸੇ ਲਈ ਹੁੰਦੀਆਂ ਹਨ।

## ਕਿਤਾਬਾਂ...

### ਅਤੇ ਹੋਰ ਵੀ ਬਹੁਤ ਕੁਝ

ਸਾਡੀਆਂ ਸ਼ੈਲਫਾਂ 'ਤੇ 200,000 ਤੋਂ ਵੱਧ ਕਿਤਾਬਾਂ, ਰਸਾਲੇ, ਡੀਵੀਡੀਆਂ ਅਤੇ ਸੀਡੀਆਂ ਹਨ। ਚੁਣਨ ਲਈ ਬਹੁਤ ਕੁਝ ਹੈ!

» ਇਕ ਸਮੇਂ 'ਤੇ 40 ਤੱਕ ਉਧਾਰ ਲਓ

» ਇਹਨਾਂ ਨੂੰ ਤਿੰਨ ਹਫ਼ਤਿਆਂ ਲਈ ਰੱਖੋ

» ਚੀਜ਼ਾਂ ਦੋ ਵਾਰ ਤੱਕ ਆਪੇ ਨਵਿਆਈਆਂ ਜਾਂਦੀਆਂ ਹਨ ਜੇਕਰ ਉਹ ਕਿਸੇ ਹੋਰ ਲਾਇਬ੍ਰੇਰੀ ਮੈਂਬਰ ਦੁਆਰਾ ਰਾਖਵੀਆਂ ਨਹੀਂ ਕੀਤੀਆਂ ਜਾਂਦੀਆਂ ਹਨ

## ਮੈਂਬਰ ਬਣਨਾ ਮੁਫ਼ਤ ਹੈ!

» ਔਨਲਾਈਨ ਜਾਂ ਲਾਇਬ੍ਰੇਰੀ ਵਿੱਚ ਆ ਕੇ ਮੈਂਬਰ ਬਣੋ

» ਆਪਣੀ ਪਹਿਲੀ ਫੇਰੀ 'ਤੇ ਚਲੰਤ ID ਨਾਲ ਲਿਆਓ

» ਅਸੀਂ ਤੁਹਾਨੂੰ ਮੈਂਬਰ ਬਣਾਵਾਂਗੇ ਅਤੇ ਤੁਹਾਨੂੰ ਤੁਹਾਡਾ ਮੁਫ਼ਤ ਲਾਇਬ੍ਰੇਰੀ ਕਾਰਡ ਦੇਵਾਂਗੇ!



## ਡੈਰਾਬਿਨ ਵਿੱਚ ਰਵਾਇਤੀ ਮਾਲਕਾਂ ਅਤੇ ਐਬੋਰਿਜ਼ਨਲ ਅਤੇ ਟੋਰੈੱਸ ਸਟ੍ਰੇਟ ਆਈਲੈਂਡਰ ਭਾਈਚਾਰਿਆਂ ਦੀ ਸਵੀਕ੍ਰਿਤੀ

ਅਸੀਂ ਵੁਰੁਨਡਜੇਰੀ ਵੋਈ ਵੁਰੰਗ ਲੋਕਾਂ ਨੂੰ ਉਸ ਜ਼ਮੀਨ ਦੇ ਰਵਾਇਤੀ ਮਾਲਕਾਂ ਅਤੇ ਰੱਖਿਅਕਾਂ ਵਜੋਂ ਸਵੀਕਾਰ ਕਰਦੇ ਹਾਂ ਜਿਸ ਨੂੰ ਅਸੀਂ ਹੁਣ ਡੈਰਾਬਿਨ ਕਹਿੰਦੇ ਹਾਂ ਅਤੇ ਅਤੀਤ, ਵਰਤਮਾਨ ਅਤੇ ਉੱਭਰ ਰਹੇ ਬਜ਼ੁਰਗਾਂ ਦਾ ਆਦਰ ਕਰਦੇ ਹਾਂ।

ਅਸੀਂ ਸਾਰੇ ਐਬੋਰਿਜ਼ਨਲ ਅਤੇ ਟੋਰੈੱਸ ਸਟ੍ਰੇਟ ਆਈਲੈਂਡਰ ਭਾਈਚਾਰਿਆਂ ਨੂੰ ਸਨਮਾਨ ਦਿੰਦੇ ਹਾਂ।

## ਆਪਣੀ ਭਾਸ਼ਾ ਵਿੱਚ ਪੜ੍ਹਨਾ, ਦੇਖਣਾ ਜਾਂ ਸੁਣਨਾ

ਤੁਸੀਂ ਇਹਨਾਂ ਭਾਸ਼ਾਵਾਂ ਵਿੱਚ ਚੀਜ਼ਾਂ ਉਧਾਰ ਲੈ ਸਕਦੇ ਹੋ:

» ਅਰਬੀ » ਚੀਨੀ » ਯੂਨਾਨੀ
» ਹਿੰਦੀ » ਇਤਾਲਵੀ » ਮੈਸੇਡੋਨੀਅਨ
» ਸਪੇਨੀ » ਵੀਅਤਨਾਮੀ

ਸਾਡੇ ਡਿਜ਼ਿਟਲ ਰਸਾਲੇ ਅਤੇ ਅਖਬਾਰਾਂ, ਡੀਵੀਡੀਆਂ ਅਤੇ ਬੱਚਿਆਂ ਦੀਆਂ ਕਿਤਾਬਾਂ ਵਧੇਰੇ ਭਾਸ਼ਾਵਾਂ ਵਿੱਚ ਉਪਲਬਧ ਹਨ।

## ਮੁਫ਼ਤ ਸਮਾਗਮ ਅਤੇ ਪ੍ਰੋਗਰਾਮ

ਸਾਰੀਆਂ ਉਮਰਾਂ ਵਾਸਤੇ ਅਤੇ ਵੱਖ-ਵੱਖ ਭਾਸ਼ਾਵਾਂ ਵਿੱਚ

ਔਨਲਾਈਨ ਅਤੇ ਖੁਦ ਹਾਜ਼ਰ ਹੋ ਕੇ

» ਵਰਕਸ਼ਾਪਾਂ, ਲੇਖਕਾਂ ਦੀਆਂ ਗੱਲਾਂਬਾਤਾਂ, ਸਭਿਆਚਾਰਕ ਜਸ਼ਨ, ਫਿਲਮ ਵਿਖਾਉਣਾ ਅਤੇ ਹੋਰ
» ਬਕਾਇਦਾ ਸਮਾਗਮ: ਗੱਲਬਾਤ ਕਰਨ ਵਾਲਾ ਕੈਫੇ, ਨਿਰਮਾਤਾ ਦੀ ਨੁੱਕਰ, ਕਿਤਾਬ ਪੜ੍ਹਨ ਵਾਲੀ ਨੁੱਕਰ, ਕਹਾਣੀ ਦਾ ਸਮਾਂ, ਕਵਿਤਾ ਦਾ ਸਮਾਂ, ਸਕੂਲ ਦੀਆਂ ਛੁੱਟੀਆਂ ਦੇ ਪ੍ਰੋਗਰਾਮ

## ਡੈਰਾਬਿਨ ਲਾਇਬ੍ਰੇਰੀਆਂ ਦੀ ਐਪ

ਲਾਇਬ੍ਰੇਰੀ ਤੱਕ ਪਹੁੰਚ ਕਰੋ – ਕਿਤੇ ਵੀ, ਕਿਸੇ ਵੀ ਸਮੇਂ!

ਤੁਸੀਂ ਕਰ ਸਕਦੇ ਹੋ:

» ਉਧਾਰ ਲਓ ਅਤੇ ਨਵਿਆਓ
» ਕੈਟਾਲੌਗ ਅਤੇ ਰਾਖਵੀਆਂ ਕੀਤੀਆਂ ਚੀਜ਼ਾਂ ਨੂੰ ਖੋਜੋ
» ਪਰਿਵਾਰ ਦੇ ਜੀਆਂ ਦੇ ਖਾਤਿਆਂ ਨੂੰ ਲਿੰਕ ਕਰੋ
» ਸਮਾਗਮਾਂ ਲਈ ਬੁੱਕ ਕਰੋ
» ਡਿਜ਼ਿਟਲ ਲਾਇਬ੍ਰੇਰੀ ਦੀ ਖੋਜ ਕਰੋ
» ਅਤੇ ਹੋਰ ਵੀ ਬਹੁਤ ਕੁਝ!

ਸ਼ੁਰੂਆਤ ਕਰਨ ਲਈ:

» ਐਪ ਸਟੋਰ ਜਾਂ ਗੂਗਲ ਪਲੇਅ ਵਿਖੇ ਡਾਊਨਲੋਡ ਕਰੋ
» ਸਾਈਨ-ਇਨ ਕਰੋ
» ਆਪਣੇ ਲਾਇਬ੍ਰੇਰੀ ਕਾਰਡ ‘ਤੇ ਬਾਰਕੋਡ ਨੂੰ ਸਕੈਨ ਕਰੋ ਜਾਂ ਆਪਣਾ ਉਧਾਰ ਲੈਣ ਵਾਲਾ ਨੰਬਰ ਅਤੇ ਛੇ-ਅੰਕੀ ਪਿੰਨ ਦਰਜ ਕਰੋ
» ਲੌਗ-ਇਨ ਟੈਪ ਕਰੋ

## ਤਕਨਾਲੋਜੀ ਅਤੇ ਸਹਿਯੋਗ

ਸਾਡੇ ਕੰਪਿਊਟਰਾਂ ਅਤੇ ਹੋਰ ਤਕਨਾਲੋਜੀ ਦੀ ਵਰਤੋਂ ਕਰੋ...

» ਡੈਸਕਟੌਪ ਕੰਪਿਊਟਰ, ਲੈਪਟੌਪ ਅਤੇ ਆਈਪੈਡ
» ਵੱਡੀਆਂ ਸਕਰੀਨਾਂ ਅਤੇ ਕੀ-ਬੋਰਡਾਂ ਨਾਲ ਪਹੁੰਚਯੋਗ ਕੰਪਿਊਟਰ, ਉਚਾਈ ਉਪਰ-ਥੱਲੇ ਕਰਨਯੋਗ ਡੈਸਕ, ਸਕ੍ਰੀਨ ਨੂੰ ਵੱਡਾ ਕਰਨਾ ਅਤੇ ਸਕ੍ਰੀਨ ਪੜ੍ਹਨ ਵਾਲਾ ਸੌਫ਼ਟਵੇਅਰ
» ਕਰੀਏਟਿਵ ਕਲਾਊਡ ਵਾਲੇ ਨੌਜਵਾਨ ਕੰਪਿਊਟਰ
» ਗੇਮ ਖੇਡਣ ਵਾਲੀਆਂ ਡਿਵਾਈਸਾਂ ਅਤੇ ਗੇਮਾਂ
» ਪ੍ਰਿੰਟ ਕਰੋ, ਕਾਪੀ ਕਰੋ, ਸਕੈਨ ਕਰੋ

ਜਾਂ ਇਨ੍ਹਾਂ ਲਈ ਆਪਣੀ ਖੁਦ ਦੀ ਡਿਵਾਈਸ ਨਾਲ ਲਿਆਓ

» ਮੁਫ਼ਤ ਵਾਈ-ਫਾਈ
» ਬੇਤਾਰ ਪ੍ਰਿੰਟਿੰਗ

ਅਸੀਂ ਏਥੇ ਮਦਦ ਕਰਨ ਲਈ ਹਾਂ!

» ਲਾਇਬ੍ਰੇਰੀ ਤਕਨਾਲੋਜੀ ਵਾਸਤੇ ਤੁਰੰਤ ਮਦਦ ਲਈ ਟੀਮ ਮੈਂਬਰ ਨੂੰ ਪੁੱਛੋ
» ਵਧੇਰੇ ਲੰਬੇ ਸੈਸ਼ਨ ਵਾਸਤੇ, ਜਾਂ ਤੁਹਾਡੀ ਆਪਣੀ ਖੁਦ ਦੀ ਡੀਵਾਈਸ ਵਿੱਚ ਮਦਦ ਵਾਸਤੇ, ਡੀਵਾਈਸ ਸਲਾਹ ਬੁੱਕ ਕਰੋ
» ਕਿਸੇ ਡਿਜ਼ਿਟਲ ਸਹਾਇਤਾ ਸਿਖਲਾਈ ਪ੍ਰੋਗਰਾਮ ਵਿੱਚ ਹਾਜ਼ਰੀ ਭਰੋ

## ਡਿਜ਼ਿਟਲ ਲਾਇਬ੍ਰੇਰੀ

ਮੁਫ਼ਤ ਡਿਜ਼ਿਟਲ ਲਾਇਬ੍ਰੇਰੀ ਸਰੋਤਾਂ ਦੇ ਸੰਸਾਰ ਦੀ ਖੋਜ ਕਰੋ।

ਈ- ਬੁੱਕਾਂ

ਈ-ਔਡੀਓ ਬੁੱਕਾਂ

ਸੰਗੀਤ

ਫਿਲਮ ਸਟਰੀਮਿੰਗ

ਕੋਈ ਭਾਸ਼ਾ ਸਿੱਖੋ

ਅਖ਼ਬਾਰਾਂ ਅਤੇ ਰਸਾਲੇ

ਸਥਾਨਕ ਅਤੇ ਪਰਿਵਾਰਕ ਇਤਿਹਾਸ ਦੀ ਪੜਚੋਲ ਕਰੋ

ਪਲੇਟਫਾਰਮਾਂ ਵਿੱਚ ਸ਼ਾਮਲ ਹਨ:

» Libby, BorrowBox, Kanopy ਅਤੇ ਹੋਰ

## ਲਾਇਬ੍ਰੇਰੀ ਦੀਆਂ ਥਾਂਵਾਂ

ਤੁਸੀਂ ਕੰਮ ਕਰਨ ਅਤੇ ਪੜ੍ਹਾਈ ਕਰਨ, ਵਾਈ-ਫ਼ਾਈ ਨਾਲ ਜੁੜਨ, ਪਰਿਵਾਰ ਜਾਂ ਦੋਸਤਾਂ ਨਾਲ ਪੜ੍ਹਨ ਅਤੇ ਸਮਾਂ ਬਿਤਾਉਣ ਲਈ ਥਾਂਵਾਂ ਲੱਭੋਗੇ।

**ਕਿਰਾਏ 'ਤੇ ਲੈਣ ਲਈ ਮੀਟਿੰਗ ਕਰਨ ਵਾਲੇ ਕਮਰੇ**

ਪਰੈੱਸਟਨ, ਨੌਰਥਕੋਟ ਅਤੇ ਰੈਜ਼ਰਵਾਇਰ ਲਾਇਬ੍ਰੇਰੀਆਂ ਵਿਖੇ ਉਪਲਬਧ

**ਮੁਫ਼ਤ ਪ੍ਰਦਰਸ਼ਨੀ ਵਾਲੀਆਂ ਥਾਂਵਾਂ**

ਕਲਾਕਾਰ, ਸਥਾਨਕ ਭਾਈਚਾਰਕ ਸਮੂਹ ਅਤੇ ਸਕੂਲ ਨੌਰਥਕੋਟ ਅਤੇ ਫੇਅਰਫੀਲਡ ਲਾਇਬ੍ਰੇਰੀਆਂ ਵਿਖੇ ਪ੍ਰਦਰਸ਼ਨ ਕਰਨ ਲਈ ਅਰਜ਼ੀ ਦੇ ਸਕਦੇ ਹਨ।

**ਪਹੁੰਚਯੋਗਤਾ**

ਸਮਾਜਕ ਕਹਾਣੀਆਂ ਪੜ੍ਹੋ ਅਤੇ ਆਪਣੀ ਫੇਰੀ ਦੀ ਯੋਜਨਾ ਬਣਾਉਣ ਲਈ ਉੱਚ ਅਤੇ ਘੱਟ ਸੰਵੇਦੀ ਸਥਾਨਾਂ ਦੇ ਨਕਸ਼ੇ ਦੇਖੋ। ਈਅਰਮਫ ਕਿੱਟਾਂ ਉਹਨਾਂ ਲੋਕਾਂ ਵਾਸਤੇ ਉਧਾਰ ਲੈਣ ਵਾਸਤੇ ਉਪਲਬਧ ਹਨ ਜੋ ਰੌਲੇ ਪ੍ਰਤੀ ਸੰਵੇਦਨਸ਼ੀਲ ਹੁੰਦੇ ਹਨ।

## ਹੋਰ ਜਾਣਕਾਰੀ

- libraries.darebin.vic.gov.au
- Facebook
- 1300 655 355
- ਡੈਰਾਬਿਨ ਲਾਇਬ੍ਰੇਰੀਆਂ ਦੀ ਐਪ
- ਈ -ਨਿਊਜ਼ – ਏਥੇ ਨਾਮ ਦਰਜ ਕਰੋ: libraries.darebin.vic.gov.au/enewsletter

## ਟਿਕਾਣੇ

ਸਾਡੀਆਂ ਲਾਇਬ੍ਰੇਰੀਆਂ ਵੁਰੁੰਡਜੇਰੀ ਦੇਸ਼ 'ਤੇ ਖੜ੍ਹੀਆਂ ਹਨ।

**ਫੇਅਰਫੀਲਡ ਲਾਇਬ੍ਰੇਰੀ**
121 Station Street, Fairfield

**ਨੌਰਥਕੋਟ ਲਾਇਬ੍ਰੇਰੀ**
32–38 Separation Street, Northcote

**ਪਰੈੱਸਟਨ ਲਾਇਬ੍ਰੇਰੀ**
266 Gower Street, Preston

**ਰੈਜ਼ਰਵਾਇਰ ਲਾਇਬ੍ਰੇਰੀ**
23 Edwardes Street, Reservoir

**DAREBIN LIBRARIES**

266 Gower Street, Preston
PO Box 257, Preston, Vic 3072
**T** 1300 655 355
**E** contact_us@darebin.vic.gov.au
**libraries.darebin.vic.gov.au**

**National Relay Service**
**relayservice.gov.au**

If you are deaf, or have a hearing or speech impairment, contact us through the National Relay Service.

**Speak Your Language**
**T 8470 8470**

العربية  Italiano  Soomalii
繁體中文  Македонски  Español
Ελληνικά  नेपाली  اردو
हिंदी  ਪੰਜਾਬੀ  Tiếng Việt